੦੧੯

ਪ੍ਰਮਾਤਮਾ ਨਾਲ ਸਾਡਾ ਰਿਸ਼ਤਾ

(ਲੇਖਕ: ਸੋਹਣ ਸਿੰਘ ਸੀਤਲ)

ਸਭ ਤੋਂ ਸੋਚਣ ਵਾਲੀ ਗੱਲ ਹੈ ਕਿ ਪ੍ਰਮਾਤਮਾ ਨਾਲ ਇਨਸਾਨ ਦਾ ਰਿਸ਼ਤਾ ਕੀ ਹੈ, ਕੀ ਲਗਾਉ ਹੈ, ਕੀ ਸੰਬੰਧ ਹੈ? ਇਸ ਬਾਰੇ, ਜੋ ਪ੍ਰਮਾਣ ਗੁਰਬਾਣੀ ਵਿੱਚੋਂ ਮਿਲਦੇ ਹਨ, ਕੁਝ ਇਸ ਤਰ੍ਹਾਂ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ:

– ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ॥ (੮੪੪)

– ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ॥ (੩੫੮)

ਭਾਵ ਬੜਾ ਸਪੱਸ਼ਟ ਹੈ। ਨਾ ਕੋਈ ਮੇਰੀ ਜਾਤ ਹੈ, ਨਾ ਕੋਈ ਮੇਰੀ ਵੱਖਰੀ ਹੈਸੀਅਤ ਹੈ, ਮੈਂ ਤੇਰਾ ਸਾਂਗੀ (ਸਾਂਗ ਉਤਾਰਨ ਵਾਲਾ) ਹਾਂ, ਤੇ ਤੂੰ ਮੇਰਾ ਮਾਲਕ ਹੈਂ। ਭਾਰਤੀ ਸੱਭਿਅਤਾ ਅਨੁਸਾਰ ਇਸਤ੍ਰੀ ਵੱਲੋਂ ਪਤੀ ਵਾਸਤੇ ਪਿਆਰ ਸਭ ਤੋਂ ਉੱਤਮ ਪ੍ਰੇਮ ਮੰਨਿਆ ਗਿਆ ਹੈ। ਗੁਰਦੇਵ ਇਸ ਰਿਸ਼ਤੇ ਉਤੇ ਜ਼ੋਰ ਦੇਂਦੇ ਹੋਏ ਕਹਿੰਦੇ ਹਨ:

– ਅਪੁਨੇ ਠਾਕੁਰ ਕੀ ਹਉ ਚੇਰੀ॥ (੧੧੯੭)

ਫਿਰ ਗੁਰਦੇਵ ਪ੍ਰਭੂ ਨੂੰ ਦਾਤਾ ਤੇ ਆਪਣੇ ਆਪ ਨੂੰ ਉਸ ਦਾ ਜਾਚਕ (ਮੰਗਤਾ) ਦੱਸਦੇ ਹਨ:

– ਤੂ ਦਾਤੌ ਹਮ ਜਾਚਿਕਾ ਹਰਿ ਦਰਸਨੁ ਦੀਜੈ॥ (੪੧੯)

ਸਭ ਕੁਝ ਤੇਰਾ ਹੈ, ਮੈਂ ਵੀ ਤੇਰਾ ਹਾਂ, ਇਹ ਹੈ ਅਪਣੱਤ।

– ਹਮ ਥਾਰੇ ਤ੍ਰਿਭਵਣ ਜਗੁ ਤੁਮਰਾ ਤੂ ਮੇਰਾ ਹਉ ਤੇਰਾ॥ (੧੨੫੫)

ਤੂੰ ਮੇਰਾ ਹੈਂ, ਇਸ ਵਾਸਤੇ ਸਭ ਕੁਝ ਹੀ ਮੇਰਾ ਹੈ, ਇਹ ਹੈ ਮਾਣ।

– ਜਾਂ ਹਉ ਤੇਰਾ ਤਾਂ ਸਭੁ ਕਿਛੁ ਮੇਰਾ ਹਉ ਨਾਹੀ ਤੂ ਹੋਵਹਿ॥ (੧੨੪੨)

ਇੱਕ ਥਾਂ ਗੁਰਦੇਵ ਪ੍ਰਭੂ ਨੂੰ ਆਪਣਾ 'ਜਜਮਾਨ' ਮੰਨਦੇ ਹਨ, ਜਿਸ ਪਾਸੋਂ ਦਾਨ ਮੰਗਣ ਦਾ ਹੱਕ ਹੈ। ਆਪਣੇ ਜਜਮਾਨ ਤੋਂ ਮੰਗਣ ਦਾ ਉਲਾਂਭਾ ਨਹੀਂ।

– ਕਰਤਾ ਤੂ ਮੇਰਾ ਜਜਮਾਨੁ॥ ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ॥ (੧੩੨੯)

ਗੁਰੂ ਅਮਰਦਾਸ ਜੀ ਪ੍ਰਭੂ ਨੂੰ ਸਭ ਦਾ ਮਾਤਾ ਪਿਤਾ ਮੰਨਦੇ ਹਨ। ਇਸ ਤਰ੍ਹਾਂ ਜਿੱਥੇ ਹਜ਼ੂਰ ਪ੍ਰਭੂ ਨਾਲ ਆਪਣਾ ਰਿਸ਼ਤਾ ਪ੍ਰਗਟ ਕਰਦੇ ਹਨ, ਉਥੇ ਦੂਸਰੇ ਲੋਕਾਂ ਨਾਲ ਵੀ ਆਪਣਾ ਸੰਬੰਧ ਮੰਨਦੇ ਹਨ।

– ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ॥ (੬੫੩)

ਅੰਤ ਵਿੱਚ ਆਪ ਕਹਿੰਦੇ ਹਨ, ਹੇ ਪ੍ਰਭੂ! ਤੇਰੇ ਬਿਨਾਂ ਮੇਰਾ ਹੋਰ ਹੈ ਹੀ ਕੋਈ ਨਹੀਂ, ਸਭ ਕੁਝ ਤੂੰ ਹੀ ਹੈਂ।

– ਹਰਿ ਤੁਧੁ ਬਾਝਹੁ ਮੈ ਕੋਈ ਨਾਹੀ॥ ਹਰਿ ਤੁਧੈ ਸੇਵੀ ਤੈ ਤੁਧੁ ਸਾਲਾਹੀ॥ (੧੧੨)

ਗੁਰੂ ਰਾਮਦਾਸ ਜੀ ਪ੍ਰਮਾਤਮਾ ਨੂੰ ਆਪਣਾ ਪਿਤਾ ਮੰਨਦੇ ਹੋਏ ਉਸਦੀ ਬਖਸ਼ਿਸ਼ ਉੱਤੇ ਭਰੋਸਾ ਪ੍ਰਗਟ ਕਰਦੇ ਹਨ:

- ਹਮ ਭੂਲਿ ਵਿਗਾੜਹ ਦਿਨਸੁ ਰਾਤਿ ਹਰਿ ਲਾਜ ਰਖਾਏ॥
  ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ॥(੪੫੦)

- ਮੇਰਾ ਮਾਤ ਪਿਤਾ ਗੁਰੁ ਸਤਿਗੁਰੁ ਪੂਰਾ ਗੁਰ ਜਲ ਮਿਲਿ ਕਮਲੁ ਵਿਗਸੈ ਜੀਉ॥ (੯੪)

- ਤੂੰ ਗੁਰੁ ਪਿਤਾ ਤੂੰਹੈ ਗੁਰੁ ਮਾਤਾ ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ॥ (੧੬੭)

- ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥.....
  ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ॥ ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ॥ (੯੪)

ਗੁਰੂ ਅਰਜਨ ਦੇਵ ਜੀ ਪ੍ਰਭੂ ਨਾਲ ਆਪਣਾ ਰਿਸ਼ਤਾ ਕਈ ਪੱਖਾਂ ਤੋਂ ਪੇਸ਼ ਕਰਦੇ ਹਨ:

- ਅੰਤਰਜਾਮੀ ਕਰਣੈਹਾਰਾ ਸੋਈ ਖਸਮੁ ਹਮਾਰਾ॥ (੬੦੯)

ਜਿੱਥੇ ਪ੍ਰਭੂ 'ਮਾਲਕ' ਹੈ, ਉਥੇ ਮਾਈ ਬਾਪ ਵੀ ਹੈ।

- ਆਪੁ ਤਿਆਗਿ ਸੰਤ ਚਰਨ ਲਾਗਿ ਮਨੁ ਪਵਿਤੁ ਜਾਹਿ ਪਾਪ॥
  ਨਾਨਕੁ ਬਾਰਿਕੁ ਕਛੂ ਨ ਜਾਨੈ ਰਾਖਨ ਕਉ ਪ੍ਰਭੁ ਮਾਈ ਬਾਪ॥ (੧੩੪੧)

ਇੱਕ ਥਾਂ ਹਜ਼ੂਰ ਆਪਣੇ ਆਪ ਨੂੰ ਪ੍ਰਭੂ ਦਾ 'ਬੰਦਾ' ਲਿਖਦੇ ਹਨ।

- ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ॥ (੩੯੬)

ਫਿਰ ਨਿਰੰਕਾਰ ਨੂੰ ਆਪਣਾ ਸਭ ਕੁਝ ਮੰਨਦੇ ਹਨ।

- ਤੂ ਮੇਰਾ ਪਿਤਾ ਤੂਹੈ ਮੇਰਾ ਮਾਤਾ॥ ਤੂ ਮੇਰੇ ਜੀਅ ਪ੍ਰਾਨ ਸੁਖਦਾਤਾ॥
  ਤੂ ਮੇਰਾ ਠਾਕੁਰੁ ਹਉ ਦਾਸੁ ਤੇਰਾ॥ ਤੁਝ ਬਿਨੁ ਅਵਰੁ ਨਹੀ ਕੋ ਮੇਰਾ॥ (੧੧੪੪)

- ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥ (੨੬੮)

- ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥
  ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ॥ (੨੫੦)

- ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
  ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥
  ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥ ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ॥
  ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ॥ (੧੦੩)

- ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥ (੯੭)

- ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ॥ ਇਕਸ ਕੀ ਮਨਿ ਟੇਕ ਹੈ ਜਿਨਿ ਜੀਉ ਪਿੰਡੁ ਦਿਤਾ॥
  ਸੋ ਪ੍ਰਭੁ ਮਨਹੁ ਨ ਵਿਸਰੈ ਜਿਨਿ ਸਭੁ ਕਿਛੁ ਵਸਿ ਕੀਤਾ॥ (੪੫)

– ਤੂੰ ਸਾਚਾ ਸਾਹਿਬੁ ਦਾਸੁ ਤੇਰਾ ਗੋਲਾ॥ (੧੩੨)

– ਤੁਝ ਬਿਨੁ ਕਵਨੁ ਹਮਾਰਾ॥ ਮੇਰੇ ਪ੍ਰੀਤਮ ਪ੍ਰਾਨ ਅਧਾਰਾ॥ (੨੦੬)

– ਰਾਖੁ ਪਿਤਾ ਪ੍ਰਭ ਮੇਰੇ॥ ਮੋਹਿ ਨਿਰਗੁਨੁ ਸਭ ਗੁਨ ਤੇਰੇ॥ (੨੦੫)

– ਗੋਸਾਈ ਮਿਹੰਡਾ ਇਠੜਾ॥ ਅੰਮ ਅਬੇ ਥਾਵਹੁ ਮਿਠੜਾ॥
ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ॥ (੭੩)

ਪ੍ਰਭੂ ਨੂੰ ਆਪਣਾ ਮਾਤਾ ਪਿਤਾ ਮੰਨਦੇ ਹਨ ਤਾਂ ਉਸ ਉਤੇ ਮਾਣ ਵੀ ਪੂਰਾ ਰੱਖਦੇ ਹਨ।

– ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥ (੬੨੪)

ਪ੍ਰਭੂ ਨੂੰ ਪਿਤਾ ਮੰਨਦੇ ਹੋਏ ਗੁਰਦੇਵ ਸਮੁੱਚੀ ਮਨੁੱਖਾ ਜਾਤੀ ਨਾਲ ਆਪਣਾ ਰਿਸ਼ਤਾ ਦੱਸਦੇ ਹਨ:

– ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥ (੬੧੧)

ਸਾਰੇ ਜੀਵ ਈਸ਼ਵਰ ਦੀ ਅੰਸ਼ ਹਨ, ਇਸ ਵਾਸਤੇ ਮਹਾਰਾਜ ਕਿਸੇ ਨੂੰ ਬੁਰਾ ਤੇ ਕਿਸੇ ਨੂੰ ਭਲਾ ਨਹੀਂ ਕਹਿੰਦੇ।

– ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਹਾਰੇ॥ (੩੮੩)

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਭ ਨੂੰ ਤਾੜਨਾ ਕਰਦੇ ਹੋਏ ਕਹਿੰਦੇ ਹਨ ਕਿ ਮੈਨੂੰ 'ਪਰਮੇਸਰ' ਨਹੀਂ ਕਹਿਣਾ, ਸਗੋਂ ਮੈਂ ਪਰਮੇਸ਼ਰ ਦਾ ਦਾਸ ਹਾਂ।

– ਜੋ ਹਮ ਕੋ ਪਰਮੇਸਰ ਉਚਰਿਹੈਂ॥ ਤੇ ਸਭ ਨਰਕ ਕੁੰਡ ਮਹਿ ਪਰਿਹੈਂ॥
ਮੋ ਕੌ ਦਾਸ ਤਵਨ ਕਾ ਜਾਨੋ॥ ਯਾ ਮੈ ਭੇਦ ਨ ਰੰਚ ਪਛਾਨੋ॥
ਮੈ ਹੋ ਪਰਮ ਪੁਰਖ ਕੋ ਦਾਸਾ॥ ਦੇਖਨ ਆਯੋ ਜਗਤ ਤਮਾਸਾ॥ (ਬਚਿਤ੍ਰ ਨਾਟਕ)

ਜਿੱਥੋਂ ਤੱਕ ਰਿਸ਼ਤੇ ਦਾ ਸੰਬੰਧ ਹੈ, ਉਥੇ ਅਕਾਲ ਪੁਰਖ ਨੂੰ ਆਪਣਾ ਪਿਤਾ ਮੰਨਦੇ ਹਨ। ਬਚਿਤ੍ਰ ਨਾਟਕ ਵਿੱਚ 'ਅਕਾਲ ਪੁਰਖ ਵਾਚ' ਇਉਂ ਆਇਆ ਹੈ:

– ਮੈ ਅਪਨਾ ਸੁਤ ਤੋਹਿ ਨਿਵਾਜਾ॥ (ਬਚਿਤ੍ਰ ਨਾਟਕ)

ਇਸੇ ਅਟੁੱਟ ਰਿਸ਼ਤੇ ਦੇ ਮਾਣ ਉੱਤੇ ਹੀ ਗੁਰੂ ਨਾਨਕ ਦੇਵ ਜੀ ਨੇ ਨਿਰੰਕਾਰ ਨੂੰ ਉਲਾਹਮਾ ਦੇ ਦਿੱਤਾ ਸੀ ਕਿ ਮੈਨੂੰ ਤੇਰੇ ਨਾਲ ਰੋਸ ਹੈ। ਜਿੱਥੇ ਅਪਣੱਤ ਹੋਵੇ, ਗਿਲ੍ਹਾ ਨਿਹੋਰਾ ਵੀ ਉਥੇ ਹੀ ਕੀਤਾ ਜਾ ਸਕਦਾ ਹੈ। ਬਾਬਰ ਦੇ ਅੱਤਿਆਚਾਰ ਵੇਖ ਕੇ ਬਾਬਾ ਜੀ ਕਿੰਨਾ ਸਖ਼ਤ ਨਿਹੋਰਾ ਦੇਂਦੇ ਹਨ:

– ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥ (੩੬੦)

ਪ੍ਰਮਾਤਮਾ ਹੀ ਇੱਕ ਪੁਰਖ (ਪਤੀ) ਹੈ

ਭਾਰਤੀ ਸਾਹਿਤ ਵਿੱਚ ਸਭ ਤੋਂ ਉੱਤਮ 'ਪ੍ਰੇਮ' ਉਹ ਮੰਨਿਆ ਜਾਂਦਾ ਹੈ, ਜੋ ਇਸਤਰੀ ਵੱਲੋਂ ਪਤੀ ਵਾਸਤੇ ਪ੍ਰਗਟ ਕੀਤਾ ਜਾਂਦਾ ਹੈ। ਭਗਤ ਜਨ ਆਪਣੇ ਆਪ ਨੂੰ ਇਸਤਰੀ ਤੇ ਪ੍ਰਮੇਸ਼ਰ ਨੂੰ ਪਤੀ ਮੰਨ ਕੇ ਆਪਣਾ ਪ੍ਰੇਮ ਪ੍ਰਗਟ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਅਜਿਹੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ। ਗਉੜੀ ਅਤੇ ਆਸਾ ਰਾਗ ਵਿੱਚ ਜੋ 'ਛੰਤ' ਲਿਖੇ ਹਨ, ਉਹ ਪਤੀ-ਪ੍ਰੇਮ ਤੇ ਬਿਰਹਾ ਦੇ ਬਹੁਤ ਉੱਤਮ ਨਮੂਨੇ ਹਨ, ਮਿਸਾਲ ਵਜੋਂ:

- ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ॥
ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ ਰਾਮ॥ (੪੩੫)

ਗੁਰਦੇਵ, ਇੱਕ ਈਸ਼ਵਰ ਨੂੰ "ਪਤੀ ਪਰਮੇਸ਼ਰ" ਮੰਨ ਕੇ, ਬਾਕੀ ਸਭ ਜੀਵਾਂ ਨੂੰ ਇਸਤਰੀਆਂ ਕਹਿ ਕੇ ਆਪਣਾ ਪ੍ਰੇਮ ਪ੍ਰਗਟ ਕਰਦੇ ਹਨ:

- ਠਾਕੁਰੁ ਏਕੁ ਸਬਾਈ ਨਾਰਿ॥ (੯੩੩)

- ਕੇਤੀ ਨਾਰਿ ਵਰੁ ਏਕੁ ਸਮਾਲਿ॥ (੯੩੨)

- ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ ਤਿਸ ਕੀ ਨਾਰਿ ਸਬਾਈ॥
ਆਪੇ ਰਸੀਆ ਆਪੇ ਰਾਵੇ ਜਿਉ ਤਿਸ ਦੀ ਵਡਿਆਈ॥ (੭੬੫)

- ਇਕੋ ਕੰਤੁ ਸਬਾਈਆ ਜਿਤੀ ਦਰਿ ਖੜੀਆਹ॥ ਨਾਨਕ ਕੰਤੈ ਰਤੀਆ ਪੁਛਹਿ ਬਾਤੜੀਆਹ॥ (੭੯੦)

ਇਸੇ ਵਿਸ਼ੇ 'ਤੇ ਗੁਰੂ ਅਮਰਦਾਸ ਜੀ ਆਪਣੇ ਵਿਚਾਰ ਇਨ੍ਹਾਂ ਸ਼ਬਦਾਂ ਵਿੱਚ ਦੇਂਦੇ ਹਨ:

- ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥
ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ॥ (੫੯੧)

ਅਜਿਹੇ ਪ੍ਰਮਾਣ ਗੁਰਬਾਣੀ ਵਿੱਚ ਅਨੇਕਾਂ ਮਿਲਦੇ ਹਨ। ਭਾਵ, ਸੱਚਾ ਪਤੀ (ਮਾਲਕ) ਇੱਕ ਪ੍ਰਮਾਤਮਾ ਹੈ ਤੇ ਬਾਕੀ ਸਭ ਜੀਵ ਆਤਮਾ ਇਸਤਰੀਆਂ ਹਨ।